ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸਾਖਾ)

ਹੁਕਮ

ਪੰਜਾਬ ਰਾਜ ਵਿਚ ਕੰਮ ਕਰ ਰਹੇ ਮੁੱਖ ਅਧਿਆਪਕਾਂ/ਮੁੱਖ ਅਧਿਆਪਕਾਵਾਂ ਵਿਚੋਂ ਬਤੌਰ ਪੀ.ਈ.ਐਸ.(ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਤਰੱਕੀਆਂ ਕਰਨ ਲਈ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵਲੋਂ ਮਿਤੀ 30.1.2014 ਅਤੇ 31.1.2014 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵਲੋਂ ਮੀਟਿੰਗ ਵਿਚ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ 300 ਮੁੱਖ ਅਧਿਆਪਕ/ਮੁੱਖ ਅਧਿਆਪਕਾਂਵਾਂ ਨੂੰ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਵਿਚ ਪਦਉਨਤ ਕਰਨ ਸਬੰਧੀ ਪੱਤਰ ਨੰਬਰ 1/150/2013-2ਸਿ4/1318-1673 ਮਿਤੀ 2.4.2014 ਰਾਂਹੀ ਹੁਕਮ ਜਾਰੀ ਕਰ ਦਿੱਤੇ ਗਏ ਸਨ। ਵਿਭਾਗੀ ਤਰੱਕੀ ਕਮੇਟੀ ਵਲੋਂ ਸ੍ਰੀਮਤੀ ਬਲਵਿੰਦਰ ਕੌਰ, ਮੁੱਖ ਅਧਿਆਪਕ, ਸੀਨੀਆਰਤਾ ਨੰਬਰ 87 ਦਾ ਕੇਸ ਉਸ ਵਿਰੁੱਧ ਐਫ. ਆਈ.ਆਰ. ਦਰਜ ਹੋਣ ਕਾਰਨ ਸੀਲਡ ਕਵਰ ਵਿਚ ਰੱਖਿਆ ਗਿਆ ਸੀ ਅਤੇ ਸ੍ਰੀਮਤੀ ਗੁਰਜੀਤ ਰੰਧਾਵਾ, ਸੀਨੀਆਰਤਾ ਨੰਬਰ 95 ਦੇ ਸਵੈ ਰੁਜ਼ਗਾਰ ਛੁੱਟੀ ਤੇ ਹੋਣ ਕਾਰਨ ਉਸਦਾ ਤਜ਼ਰਬਾ ਘੱਟ ਜਾਣ ਕਾਰਨ ਉਸਦਾ ਕੇਸ ਰੱਦ ਕਰ ਦਿੱਤਾ ਗਿਆ ਸੀ।

2. ਸ੍ਰੀਮਤੀ ਬਲਵਿੰਦਰ ਕੌਰ, ਮੁੱਖ ਅਧਿਆਪਕ, ਸਹਾਸ ਕਾਮਰਾਨ ਰੋਡ, ਲੁਧਿਆਣਾ ਵਿਰੁੱਧ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਕਰਾਇਮ, ਲੁਧਿਆਣਾ ਵਲੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਉਨ੍ਹਾਂ ਵਲੋਂ ਕੀਤੀ ਗਈ ਪੜਤਾਲ ਵਿਚ ਉਹ ਦੋਸ਼ੀ ਨਹੀਂ ਪਾਈ ਗਈ। ਇਸ ਲਈ ਸ੍ਰੀਮਤੀ ਬਲਵਿੰਦਰ ਕੌਰ ਦਾ ਸੀਲਡ ਕਵਰ ਖੋਲ ਕੇ ਉਸਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ।

3. ਸ੍ਰੀਮਤੀ ਗੁਰਜੀਤ ਰੰਧਾਵਾ, ਮੁੱਖ ਅਧਿਆਪਕ ਦਾ ਕੇਸ ਮੁੜ ਵਿਚਾਰਿਆ ਗਿਆ। ਇਹ ਅਧਿਕਾਰਨ ਮਿਤੀ 16.2.2010 ਤੋਂ 15.2.2013 ਸਵੈਰੁਜ਼ਗਾਰ ਛੁੱਟੀ ਮੰਨਜ਼ੂਰ ਕਰਵਾ ਕੇ ਗਈ ਸੀ। ਪੰਜਾਬ ਸੀ.ਐਸ.ਐਸ.ਆਰ. ਵਾਲੂਯਮ-1 ਦੇ ਰੂਲ 8.113 (viii) ਵਿਚ ਦਿੱਤੇ ਉਪਬੰਧਾਂ ਅਨੁਸਾਰ ਉਸਦਾ ਬਤੌਰ ਪੀ.ਈ.ਐਸ. ਤਰੱਕੀ ਲਈ 07 ਸਾਲ ਦਾ ਤਜ਼ਰਬਾ ਪੂਰਾ ਹੋ ਜਾਣ ਕਰਕੇ ਉਸਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ।

4. ਉਕਤ ਅਧਿਕਾਰੀਆਂ ਦੀ ਪਦਉਨਤੀ ਉਨ੍ਹਾਂ ਤੋਂ ਜੂਨੀਅਰ ਅਧਿਕਾਰੀ ਦੀ ਤਰੱਕੀ ਦੀ ਮਿਤੀ ਭਾਵ 2.4.2014 ਤੋਂ ਲਾਗੂ ਹੋਵੇਗੀ। ਤੈਨਾਤੀ ਦੇ ਹੁਕਮ ਬਾਅਦ ਵਿਚ ਕੀਤੇ ਜਾਣਗੇ।

5. ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 19400/2012-ਇਕਬਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿਚ ਮਿਤੀ 23.7.2013 ਅਤੇ ਸੀ.ਓ.ਸੀ.ਪੀ. ਨੰਬਰ 596 ਆਫ 2014 ਅਤੇ 658 ਆਫ 2014 ਵਿਚ ਮਿਤੀ 31.3.2014 ਨੂੰ ਦਿੱਤੇ ਆਦੇਸਾਂ ਦੀ ਪਾਲਣਾ ਵਿਚ ਕੀਤੇ ਜਾਂਦੇ ਹਨ।

6. ਇਹ ਤਰੱਕੀਆਂ ਬਿੱਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ. ਗਰੁੱਪ-ਏ ਵਿਚ ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।

7. ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।

8. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ। ਇਹ ਅਧਿਕਾਰੀ 05 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨਗੇ।

9. ਜੇਕਰ ਕੋਈ ਅਧਿਕਾਰੀ ਨਿਸ਼ਚਿਤ ਸਮੇਂ ਦੇ ਅੰਦਰ ਆਪਣੀ ਹਾਜਰੀ ਰਿਪੋਰਟ ਪੇਸ਼ ਨਹੀਂ ਕਰੇਗਾ ਤਾਂ ਉਸਨੂੰ ਨਿਯਮਾਂ ਅਨੁਸਾਰ 2 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ:
10 ਜੂਲਾਈ 2014

ਅੰਜਲੀ ਭਾਵੜਾ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:1/150/2013-2ਸਿ4/ [illegible] ਮਿਤੀ,ਚੰਡੀਗੜ੍ਹ: 12/7/2014

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਵੈਬਸਾਈਟ ਤੇ ਤੁਰੰਤ ਅੱਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਪਦਉਨਤੀਆਂ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।
5. ਡਾਇਰੈਕਟਰ, ਸਿੱਖਿਆ ਵਿਭਾਗ (ਐਸਿ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ।
6. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ।
7. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ),ਐਸ.ਏ.ਐਸ.ਨਗਰ, ਲੁਧਿਆਣਾ, ਜਲੰਧਰ।
8. ਸਬੰਧਤ ਅਧਿਕਾਰੀ।

ਸੁਪਰਡੰਟ